# ਬਾਲ ਅਤੇ ਪਰਿਵਾਰ ਸਿਹਤ ਸੇਵਾ ਨਾਲ ਸੰਪਰਕ ਵੇਰਵੇ

StEPs
Statewide Eyesight Preschooler Screening

SHPN (NKF) 130153 - Punjabi

# StEPs

## ਅੱਖਾਂ ਦੀ ਸਕੂਲ-ਪ੍ਰੀ-ਸਕੂਲ ਦੇ ਬੱਚੇ ਲਈ ਸੂਬਾ ਪੱਧਰੀ ਜਾਂਚ

Statewide Eyesight Preschooler Screening



## ਤੁਹਾਨੂੰ StEPS ਪ੍ਰੋਗਰਾਮ ਬਾਰੇ ਕੀ ਜਾਣਨ ਦੀ ਲੋੜ ਹੈ

NSW GOVERNMENT | Health

## StEPS ਕੀ ਹੈ?

StEPS ਪ੍ਰੋਗਰਾਮ ਨਿਊ ਸਾਊਥ ਵੇਲਜ਼ ਹੈਲਥ ਦੀ ਇੱਕ ਪਹਿਲਕਦਮੀ ਹੈ ਅਤੇ ਇਸ ਅਧੀਨ 4 ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਦੀਆਂ ਅੱਖਾਂ ਦੀ ਨਜ਼ਰ ਦੀ ਜਾਂਚ ਕੀਤੀ ਜਾਂਦੀ ਹੈ।

## ਮੇਰੇ ਬੱਚੇ ਦੀ ਨਜ਼ਰ ਦੀ ਜਾਂਚ ਦੀ ਲੋੜ ਕਿਉਂ ਹੈ?

- ਬੱਚੇ ਅੱਖਾਂ ਦੀਆਂ ਸਮੱਸਿਆਵਾਂ ਬਾਰੇ ਬਹੁਤ ਘੱਟ ਸ਼ਿਕਾਇਤ ਕਰਦੇ ਹਨ।
- ਬੱਚਿਆਂ ਨੂੰ ਇਹ ਮਹਿਸੂਸ ਨਹੀਂ ਹੋ ਸਕਦਾ ਕਿ ਉਹ ਵਧੀਆ ਤਰੀਕੇ ਨਾ਼ਲ ਵੇਖ ਨਹੀਂ ਸਕਦੇ।
- ਕੁੱਝ ਬੱਚਿਆਂ ਦੀ ਇੱਕ ਅੱਖ ਦੀ ਨਜ਼ਰ ਤਾਂ ਬਹੁਤ ਵਧੀਆ ਹੁੰਦੀ ਹੈ ਪਰ ਦੂਜੀ ਅੱਖ ਦੀ ਨਜ਼ਰ ਬਹੁਤ ਕਮਜ਼ੋਰ ਹੁੰਦੀ ਹੈ
- ਬੱਚਿਆਂ ਦੀਆਂ ਅੱਖਾਂ ਵੇਖਣ ਨੂੰ ਬਿਲਕੁਲ ਸਹੀ ਜਾਪ ਸਕਦੀਆਂ ਹਨ ਅਤੇ ਮਾਪੇ/ਸਰਪ੍ਰਸਤ ਇਹ ਸੋਚ ਸਕਦੇ ਹਨ ਕਿ ਉਨ੍ਹਾਂ ਦਾ ਬੱਚਾ ਬਹੁਤ ਵਧੀਆ ਵੇਖ ਸਕਦਾ ਹੈ ਪਰ ਕੁੱਝ ਬੱਚਿਆਂ 'ਚ ਨਜ਼ਰ ਦੀ ਕੋਈ ਸਮੱਸਿਆ ਹੋ ਸਕਦੀ ਹੈ
- ਬੱਚੇ ਦੀ ਨਜ਼ਰ ਦੀ ਸਮੱਸਿਆ ਬਾਰੇ ਦੱਸਣ ਦਾ ਇੱਕੋ-ਇੱਕ ਰਾਹ ਇਹੋ ਹੈ ਕਿ ਇੱਕ ਵਾਰ ਬੱਚੇ ਦੀ ਕੇਵਲ ਇੱਕੋ ਅੱਖ ਦੀ ਨਜ਼ਰ ਹੀ ਟੈਸਟ ਕਰਵਾਈ ਜਾਵੇ।



## ਕੀ ਤੁਸੀਂ ਜਾਣਦੇ ਹੋ?

- ਜੇ ਬੱਚੇ ਦੀ ਇੱਕ 'ਅੱਖ ਸੁਸਤ' ਹੈ, ਤਾਂ ਜੇ ਇਸ ਦਾ ਇਲਾਜ ਨਾ ਕਰਵਾਇਆ ਜਾਵੇ, ਤਾਂ ਨਜ਼ਰ ਦਾ ਬਹੁਤ ਜ਼ਿਆਦਾ ਨੁਕਸਾਨ ਜਾਂ ਅੰਨ੍ਹਾਪਣ ਤੱਕ ਵੀ ਹੋ ਸਕਦਾ ਹੈ
- ਜੇ ਬੱਚੇ ਨੂੰ ਨਜ਼ਰ ਦੀ ਕੋਈ ਸਮੱਸਿਆ ਹੈ, ਤਾਂ ਜਿੰਨੀ ਛੇਤੀ ਉਸ ਸਮੱਸਿਆ ਦਾ ਪਤਾ ਲਾ ਕੇ ਉਸ ਦਾ ਇਲਾਜ ਕੀਤਾ ਜਾਵੇਗਾ, ਨਜ਼ਰ ਦੇ ਨਤੀਜੇ ਓਨੇ ਹੀ ਬਿਹਤਰ ਰਹਿਣਗੇ
- ਜੇ ਮਾਪਿਆਂ ਦੇ ਐਨਕਾਂ ਲੱਗੀਆਂ ਹੋਈਆਂ ਹਨ ਜਾਂ ਉਨ੍ਹਾਂ ਦੇ ਬਚਪਨ 'ਚ ਉਨ੍ਹਾਂ ਨੂੰ ਨਜ਼ਰ ਦੀਆਂ ਸਮੱਸਿਆਵਾਂ ਸਨ ਤਾਂ ਉਨ੍ਹਾਂ ਦੇ ਬੱਚਿਆਂ ਨੂੰ ਵੀ ਅੱਖਾਂ ਦੀਆਂ ਸਮੱਸਿਆਵਾਂ ਹੋਣ ਦੀ ਵਧੇਰੇ ਸੰਭਾਵਨਾ ਹੋ ਸਕਦੀ ਹੈ
- ਅੱਠ ਵਰ੍ਹਿਆਂ ਦੀ ਉਮਰ ਤੋਂ ਬਾਅਦ ਬਚਪਨ 'ਚ ਹੋਈਆਂ ਨਜ਼ਰ ਦੀਆਂ ਕੁੱਝ ਸਮੱਸਿਆਵਾਂ ਦਾ ਇਲਾਜ ਨਹੀਂ ਹੋ ਸਕਦਾ ਅਤੇ ਬੱਚੇ ਦੀ ਕਮਜ਼ੋਰ ਨਜ਼ਰ ਉਸ ਦੀ ਬਾਕੀ ਸਾਰੀ ਉਮਰ ਲਈ ਰਹੇਗੀ - ਐਨਕਾਂ ਦਾ ਵੀ ਕੋਈ ਲਾਭ ਨਹੀਂ ਹੋਵੇਗਾ
- ਜਨਮ ਵੇਲੇ ਘੱਟ ਵਜ਼ਨ ਵਾ਼ਲੇ ਬੱਚਿਆਂ ਅਤੇ ਨਿਊਰੋਲੋਜੀਕਲ ਸਮੱਸਿਆਵਾਂ ਵਾ਼ਲੇ ਬੱਚਿਆਂ 'ਚ ਅੱਖ ਦੀਆਂ ਸਮੱਸਿਆਵਾਂ ਵਿਕਸਤ ਹੋਣ ਦਾ ਵੱਡਾ ਖ਼ਤਰਾ ਰਹਿੰਦਾ ਹੈ

## ਕੀ ਮੇਰੇ ਬੱਚੇ ਦੀ ਨਜ਼ਰ ਦੀ ਜਾਂਚ ਕਰਵਾਉਣ ਦੀ ਜ਼ਰੂਰਤ ਹੈ?

ਨਿਊ ਸਾਊਥ ਵੇਲਜ਼ ਹੈਲਥ ਦੀ ਸਲਾਹ ਹੈ ਕਿ ਸਾਰੇ ਬੱਚੇ ਸਕੂਲ ਜਾਣਾ ਸ਼ੁਰੂ ਕਰਨ ਤੋਂ ਪਹਿਲਾਂ ਆਪਣੀ ਨਜ਼ਰ ਦੀ ਜਾਂਚ ਜ਼ਰੂਰ ਕਰਵਾਉਣ ਅਤੇ ਵਿਭਾਗ ਚਾਰ ਸਾਲ ਦੀ ਉਮਰ ਤੱਕ ਦੇ ਸਾਰੇ ਬੱਚਿਆਂ ਨੂੰ ਇਸ ਨਜ਼ਰ ਜਾਂਚ ਪ੍ਰੋਗਰਾਮ ਵਿੱਚ ਭਾਗ ਲੈਣ ਦੀ ਵੀ ਸਿਫ਼ਾਰਸ਼ ਦ੍ਰਿੜ੍ਹਤਾਪੂਰਬਕ ਕਰਦਾ ਹੈ।

## ਮੇਰਾ ਬੱਚਾ StEPS ਪ੍ਰੋਗਰਾਮ ਤੱਕ ਕਿਵੇਂ ਪਹੁੰਚ ਕਰ ਸਕਦਾ ਹੈ?

ਤੁਹਾਡਾ ਸਥਾਨਕ ਸਿਹਤ ਜ਼ਿਲ੍ਹਾ ਚਾਰ ਸਾਲ ਤੱਕ ਦੀ ਉਮਰ ਦੇ ਸਾਰੇ ਬੱਚਿਆਂ ਦੀ ਨਜ਼ਰ ਦੀ ਮੁਫ਼ਤ ਜਾਂਚ ਲਈ ਪ੍ਰੀਸਕੂਲਜ਼ ਅਤੇ ਚਾਈਲਡ-ਕੇਅਰ ਸੈਂਟਰਾਂ ਉਤੇ ਧਿਆਨ ਕੇਂਦ੍ਰਿਤ ਕਰੇਗਾ। ਆਪਣੇ ਬੱਚੇ ਦੀ **ਨਜ਼ਰ** ਦੀ ਜਾਂਚ ਕਰਵਾਉਣ ਲਈ ਤੁਹਾਨੂੰ ਇੱਕ ਸਹਿਮਤੀ ਫ਼ਾਰਮ ਭਰ ਕੇ ਆਪਣੇ ਬੱਚੇ ਦੇ ਪ੍ਰੀਸਕੂਲ/ ਚਾਈਲਡ-ਕੇਅਰ ਸੈਂਟਰ ਨੂੰ ਦੇਣਾ ਪਵੇਗਾ।

ਤੁਸੀਂ ਆਪਣੇ ਸਥਾਨਕ ਬਾਲ ਅਤੇ ਪਰਿਵਾਰ ਸਿਹਤ ਸੇਵਾ ਰਾਹੀਂ ਆਪਣੇ ਚਾਰ ਸਾਲ ਤੱਕ ਦੇ ਬੱਚੇ ਦੀ **ਨਜ਼ਰ** ਦੀ ਜਾਂਚ ਮੁਫ਼ਤ ਵੀ ਕਰਵਾ ਸਕਦੇ ਹੋ। ਤੁਹਾਡੀ ਸਥਾਨਕ ਬਾਲ ਅਤੇ ਪਰਿਵਾਰ ਸਿਹਤ ਸੇਵਾ ਦੇ ਸੰਪਰਕ-ਵੇਰਵੇ ਇਸ ਵਿਵਰਣਿਕਾ (ਪੈਂਫਲਟ) ਦੇ ਪਿਛਲੇ ਪਾਸੇ ਦਿੱਤੇ ਹੋਏ ਹਨ।



## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਬੱਚੇ ਨੂੰ ਨਜ਼ਰ ਦੀ ਕੋਈ ਸਮੱਸਿਆ ਹੈ?

ਬੱਚਿਆਂ ਦੇ ਹਰੇਕ ਮਾਪੇ/ਸਰਪ੍ਰਸਤ ਨੂੰ ਉਸ ਦੇ ਬੱਚੇ ਦੀ ਨਜ਼ਰ ਦੀ ਜਾਂਚ ਦੇ ਮੁਲੰਕਣ ਦੇ ਨਤੀਜਿਆਂ ਬਾਰੇ ਸੂਚਿਤ ਕੀਤਾ ਜਾਵੇਗਾ, ਜਿਸ ਦੀ ਨਜ਼ਰ ਦੀ ਜਾਂਚ ਹੋਈ ਹੈ। ਨਜ਼ਰ ਦੀ ਕੋਈ ਸਮੱਸਿਆ ਬਾਰੇ ਪਤਾ ਚੱਲਣ 'ਤੇ ਤੁਹਾਡਾ ਸਥਾਨਕ ਸਿਹਤ ਜ਼ਿਲ੍ਹਾ ਤੁਹਾਡੇ ਨਾਲ ਸੰਪਰਕ ਕਰੇਗਾ ਤੇ ਤੁਹਾਨੂੰ ਆਪਣੇ ਬੱਚਿਆਂ ਦੀਆਂ ਅੱਖਾਂ ਦੇ ਕਿਸੇ ਪੇਸ਼ੇਵਰਾਨਾ ਡਾਕਟਰ ਤੋਂ ਪੂਰੀ ਤਰ੍ਹਾਂ ਟੈਸਟ ਕਰਵਾਉਣ ਲਈ ਆਖੇਗਾ।

ਬੱਚਿਆਂ ਦੀਆਂ ਅੱਖਾਂ ਕਿਉਂਕਿ ਲਗਭਗ ੮ ਸਾਲ ਦੀ ਉਮਰ ਤੱਕ ਵਿਕਸਤ ਹੁੰਦੀਆਂ ਰਹਿੰਦੀਆਂ ਹਨ, ਇਸ ਲਈ ਇਹ ਯਕੀਨੀ ਬਣਾਉਣਾ ਅਹਿਮ ਹੁੰਦਾ ਹੈ ਕਿ ਤੁਹਾਡੇ ਬੱਚੇ ਦੀ ਨਜ਼ਰ ਇਨ੍ਹਾਂ ਰਚਨਾਕਾਰੀ ਸਾਲਾਂ ਦੌਰਾਨ ਆਮ ਵਾਂਗ ਵਿਕਸਤ ਹੋਵੇ।

StEPS ਪ੍ਰੋਗਰਾਮ ਇੱਕ ਨਜ਼ਰ ਜਾਂਚ ਪ੍ਰੋਗਰਾਮ ਹੈ ਅਤੇ ਇਸ ਵਿੱਚ ਪੂਰਾ ਤਸ਼ਖ਼ੀਸ ਮੁਲੰਕਣ (ਡਾਇਗਨੌਸਟਿਕ ਅਸੈਸਮੈਂਟ) ਨਹੀਂ ਕੀਤਾ ਜਾਂਦਾ। ਜੇ ਤੁਹਾਨੂੰ ਆਪਣੇ ਬੱਚੇ ਦੀ ਨਜ਼ਰ ਨੂੰ ਲੈ ਕੇ ਕੁੱਝ ਚਿੰਤਾਵਾਂ ਹਨ, ਤਾਂ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਬੱਚੇ ਦੀ ਨਜ਼ਰ ਅੱਖਾਂ ਦੇ ਕਿਸੇ ਪੇਸ਼ੇਵਰਾਨਾ ਡਾਕਟਰ ਤੋਂ ਪੂਰੀ ਤਰ੍ਹਾਂ ਚੈਕ ਕਰਵਾਓ।